# ਪੰਜਾਬ ਸਕੂਲ ਸਿੱਖਿਆ ਬੋਰਡ

ਵਿਸ਼ਾ- **ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਸਬੰਧੀ ਹਦਾਇਤਾਂ ।**

ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ ਲਈ ਰਜਿਸਟ੍ਰੇਸ਼ਨ 18 ਅਗਸਤ 2025 ਤੋਂ 31 ਅਕਤੂਬਰ, 2025 ਤੱਕ ਬੋਰਡ ਦੀ ਵੈਬਸਾਈਟ ਉੱਪਰ ਆਨਲਾਈਨ ਕਰਵਾਈ ਜਾ ਸਕੇਗੀ। (https://olympiad.pseb.ac.in)

**ਨੋਟ :-**

- **ਐੱਨ. ਆਰ.ਆਈ. ਵਿਦਿਆਰਥੀਆਂ ਅਤੇ ਪੰਜਾਬ ਰਾਜ ਤੋਂ ਇਲਾਵਾ ਭਾਰਤ ਦੇ ਦੂਜੇ ਰਾਜਾਂ ਦੇ ਪ੍ਰੀਖਿਆਰਥੀਆਂ ਦਾ ਸਿਰਫ਼ ਆਨਲਾਈਨ ਮੋਡ ਰਾਹੀਂ, ਇੱਕ ਪੜਾਅ ਅਧੀਨ ਹੀ ਪੇਪਰ ਹੋਵੇਗਾ ਜਿਸ ਦਾ ਨਤੀਜਾ ਵੱਖਰੇ ਤੌਰ ਤੇ ਐਲਾਨਿਆ ਜਾਵੇਗਾ।**

- **ਆਨਲਾਈਨ ਪ੍ਰੀਖਿਆ ਦੇਣ ਸਮੇਂ ਕੈਮਰੇ ਵਾਲਾ ਡਿਵਾਈਸ (Device) ਵਰਤਣਾ ਜ਼ਰੂਰੀ ਹੋਵੇਗਾ** (ਮੋਬਾਇਲ ਫੋਨ,ਟੈਬ,ਲੈਪਟੌਪ,ਡੈਸਕਟੌਪ)।

- **ਪ੍ਰੀਖਿਆ ਦਿੰਦੇ ਸਮੇਂ ਪ੍ਰੀਖਿਆਰਥੀ ਧਿਆਨ ਰੱਖਣ ਕਿ ਉਨ੍ਹਾਂ ਦੀ ਹਰ ਇੱਕ ਗਤੀਵਿਧੀ (Movement) ਕੈਮਰੇ ਵਿੱਚ ਨੋਟ ਹੋਵੇਗੀ।**

1. ਪੰਜਾਬ ਰਾਜ / ਦੂਜੇ ਰਾਜ ਅਤੇ ਐਨ.ਆਰ.ਆਈ ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਵਿੱਚ ਭਾਗ ਲੈਣ ਸੰਬੰਧੀ ਯੋਗਤਾ ਦੇ ਮਾਪਦੰਡ:-

   - ਤੀਜੀ ਤੋਂ ਪੰਜਵੀਂ ਸ਼੍ਰੇਣੀ /ਗ੍ਰੇਡ ਜਾਂ 12 ਸਾਲ ਤੋਂ ਘੱਟ ਉਮਰ ।
   - ਛੇਵੀਂ ਤੋਂ ਅੱਠਵੀਂ ਸ਼੍ਰੇਣੀ /ਗ੍ਰੇਡ ਜਾਂ 15 ਸਾਲ ਤੋਂ ਘੱਟ ਉਮਰ ।
   - ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ /ਗ੍ਰੇਡ ਜਾਂ 19 ਸਾਲ ਤੋਂ ਘੱਟ ਉਮਰ ।

2. ਪੰਜਾਬ ਰਾਜ / ਦੂਜੇ ਰਾਜ ਅਤੇ ਐਨ.ਆਰ.ਆਈ ਵਿਦਿਆਰਥੀਆਂ ਲਈ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਵਿੱਚ ਭਾਗ ਲੈਣ ਹੇਠ ਲਿਖੇ ਵੇਰਵੇ ਅਨੁਸਾਰ ਆਨਲਾਈਨ ਫੀਸ ਜਮਾਂ ਹੋਵੇਗੀ।

   - ਪ੍ਰਾਇਮਰੀ ਵਰਗ (ਤੀਸਰੀ ਤੋਂ ਪੰਜਵੀਂ ਸ਼੍ਰੇਣੀ) 50/- ਰੁਪਏ
   - ਮਿਡਲ ਵਰਗ (ਛੇਵੀਂ ਤੋਂ ਅੱਠਵੀਂ ਸ਼੍ਰੇਣੀ) 100/- ਰੁਪਏ
   - ਸੈਕੰਡਰੀ ਵਰਗ (ਨੌਵੀਂ ਤੋਂ ਬਾਰ੍ਹਵੀਂ ਸ਼੍ਰੇਣੀ) 100/- ਰੁਪਏ
   - ਐਨ. ਆਰ. ਆਈ (ਸਾਰੇ ਵਰਗ) 800/- ਰੁਪਏ

3. ਪ੍ਰਤਿਯੋਗਤਾ ਦੀ ਤਿਆਰੀ ਕਰਨ ਲਈ ਹਰ ਵਰਗ ਅਨੁਸਾਰ ਵੱਖਰਾ ਪਾਠ-ਕ੍ਰਮ, ਪੀ.ਡੀ.ਐੱਫ ਦੇ ਰੂਪ ਵਿੱਚ ਬੋਰਡ ਦੀ ਵੈੱਬਸਾਈਟ ਤੇ ਆਨਲਾਈਨ ਉੱਪਲਬਧ ਹੈ।
4. ਹਰ ਵਰਗ ਦਾ ਵਿਦਿਆਰਥੀ ਆਪਣੇ ਸਕੂਲ ਵੱਲੋਂ ਜਾਂ ਨਿੱਜੀ ਤੌਰ ਤੇ ਰਜਿਸਟਰੇਸ਼ਨ ਕਰਵਾ ਸਕਦਾ ਹੈ।

5. ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਸਬੰਧੀ ਅਭਿਆਸ ਪ੍ਰੀਖਿਆ (MOCK TEST) ਮਿਤੀ 10-11-2025 ਅਤੇ 11-11-2025 ਨੂੰ ਅਨਲਾਈਨ ਆਯੋਜਿਤ ਕੀਤਾ ਜਾਵੇਗਾ, ਲਿੰਕ 48 ਘੰਟੇ ਖੁੱਲਾ ਰਹੇਗਾ।
6. **ਪੰਜਾਬ ਰਾਜ ਤੋਂ ਇਲਾਵਾ ਭਾਰਤ ਦੇ ਦੂਜੇ ਰਾਜਾਂ ਦੇ ਪ੍ਰੀਖਿਆਰਥੀਆਂ ਅਤੇ ਐੱਨ. ਆਰ.ਆਈ. ਵਿਦਿਆਰਥੀਆਂ ਦਾ ਸਿਰਫ਼ ਆਨਲਾਈਨ ਮੋਡ ਰਾਹੀਂ, ਇੱਕ ਪੜਾਅ ਅਧੀਨ ਹੀ ਪੇਪਰ ਹੋਵੇਗਾ।** ਜਿਸ ਵਿੱਚ ਕੁੱਲ 50 ਪ੍ਰਸ਼ਨ ਹੋਣਗੇ, ਜੋ ਕਿ ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ ਸਬੰਧੀ ਬੋਰਡ ਵੱਲੋਂ ਤਿੰਨੇ ਵਰਗਾਂ ਲਈ ਤਿਆਰ ਕੀਤੀਆਂ ਗਈਆਂ ਪੁਸਤਕਾਂ (ਪੀ.ਡੀ.ਐਫ ਦੇ ਰੂਪ ਵਿੱਚ ਵੈੱਬਸਾਈਟ ਤੇ ਉਪਲੱਬਧ ਹੈ) ਵਿੱਚੋਂ ਹੀ ਲਏ ਜਾਣਗੇ। **ਪੰਜਾਬ ਰਾਜ ਤੋਂ ਇਲਾਵਾ ਭਾਰਤ ਦੇ ਦੂਜੇ ਰਾਜਾਂ ਦੇ ਪ੍ਰੀਖਿਆਰਥੀਆਂ** ਲਈ ਮਿਤੀ 05-12-2025 ਨੂੰ **(ਕੁੱਲ ਸਮਾਂ=60 ਮਿੰਟ)** ਅਤੇ ਐੱਨ.ਆਰ ਆਈ.ਵਿਦਿਆਰਥੀਆਂ ਲਈ ਆਨਲਾਈਨ ਪ੍ਰਤੀਯੋਗਤਾ **ਮਿਤੀ 06-12-2025 ਨੂੰ (ਕੁੱਲ ਸਮਾਂ=60 ਮਿੰਟ)** ਹੋਵੇਗਾ। ਐੱਨ.ਆਰ.ਆਈ ਵਿਦਿਆਰਥੀਆਂ ਅਤੇ ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਦੇ ਵਿਦਿਆਰਥੀਆਂ ਲਈ ਹਰ ਵਰਗ ਦੇ ਪਹਿਲੇ ਸਥਾਨ ਉੱਪਰ ਆਉਣ ਵਾਲੇ ਵਿਦਿਆਰਥੀਆਂ ਨੂੰ 11000/-ਰੁਪਏ(ਪ੍ਰਤੀ ਵਰਗ ਇੱਕ ਵਿਦਿਆਰਥੀ), ਦੂਜੇ ਸਥਾਨ ਵਾਲਿਆਂ ਨੂੰ 7100/-ਰੁ (ਪ੍ਰਤੀ ਵਰਗ ਇੱਕ ਵਿਦਿਆਰਥੀ), ਤੀਜੇ ਸਥਾਨ ਵਾਲਿਆਂ ਨੂੰ 5100/-ਰੁ (ਪ੍ਰਤੀ ਵਰਗ 08 ਵਿਦਿਆਰਥੀ) ) ਇਨਾਮ ਵਜੋਂ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।
7. **ਪੰਜਾਬ ਰਾਜ ਦੇ ਵਿਦਿਆਰਥੀਆਂ ਲਈ ਇਹ ਪ੍ਰਤਿਯੋਗਤਾ ਤਿੰਨ ਪੜ੍ਹਾਵਾਂ ਵਿੱਚ ਹੋਵੇਗੀ:**

ੳ) **ਪਹਿਲਾ ਪੜ੍ਹਾਅ:** ਇਸ ਪੜ੍ਹਾਅ ਅਧੀਨ ਆਨਲਾਈਨ ਪ੍ਰਤਿਯੋਗਤਾ ਹੋਵੇਗੀ ਜਿਸ ਵਿੱਚ ਕੁੱਲ 50 ਪ੍ਰਸ਼ਨ ਹੋਣਗੇ। ਇਸ ਵਿੱਚੋਂ 30 ਪ੍ਰਸ਼ਨ ਪੜ੍ਹਨ-ਸਮਗਰੀ ਨਾਲ਼ ਸੰਬੰਧਤ ਹੋਣਗੇ ਅਤੇ 20 ਪ੍ਰਸ਼ਨ, ਵਰਗ ਦੇ ਪੱਧਰ ਅਨੁਸਾਰ ਸੰਬੰਧਤ ਪਾਠ-ਕ੍ਰਮ ਵਿੱਚੋਂ ਲਏ ਜਾਣਗੇ। ਸਾਰੇ ਪ੍ਰਸ਼ਨ ਬਹੁ-ਵਿਕਲਪੀ (MULTIPLE CHOICE) ਹੋਣਗੇ। ਆਨਲਾਈਨ ਪ੍ਰਤੀਯੋਗਤਾ **ਮਿਤੀ 05-12-2025 ਅਤੇ 06-12-2025 ਨੂੰ** 48 ਘੰਟੇ **(ਕੁੱਲ ਸਮਾਂ=60 ਮਿੰਟ)** ਲਈ ਹੋਵੇਗੀ। ਪਹਿਲੇ ਪੜ੍ਹਾਅ ਵਿੱਚੋਂ ਜਿਸ ਵੀ ਜ਼ਿਲ੍ਹੇ ਦੇ 60ਵੇਂ ਪ੍ਰੀਖਿਆਰਥੀ ਦੇ ਜੋ ਘੱਟੋ-ਘੱਟ ਪ੍ਰਾਪਤ ਅੰਕ ਹੋਣਗੇ, ਉਸੇ ਅਨੁਸਾਰ ਹੀ ਬਾਕੀ ਜ਼ਿਲ੍ਹਿਆਂ ਦੇ ਸਾਰੇ ਪ੍ਰੀਖਿਆਰਥੀ ਦੂਜੇ ਪੜ੍ਹਾਅ ਲਈ ਯੋਗ ਮੰਨੇ ਜਾਣਗੇ।

ਅ) **ਦੂਜਾ ਪੜ੍ਹਾਅ:** ਦੂਜੇ ਪੜ੍ਹਾਅ ਵਿੱਚ ਦੁਬਾਰਾ ਆਨਲਾਈਨ ਪੇਪਰ **ਮਿਤੀ 15-12-2025** ਨੂੰ ਲਿਆ ਜਾਵੇਗਾ **(ਸਮਾਂ 60 ਮਿੰਟ)** ਜਿਸ ਵਿੱਚ ਕੁੱਲ 50 ਪ੍ਰਸ਼ਨ ਹੋਣਗੇ। ਇਸ ਵਿੱਚੋਂ 30 ਪ੍ਰਸ਼ਨ ਪੜ੍ਹਨ-ਸਮਗਰੀ ਨਾਲ਼ ਸੰਬੰਧਤ ਹੋਣਗੇ ਅਤੇ 20 ਪ੍ਰਸ਼ਨ, ਵਰਗ ਦੇ ਪੱਧਰ ਅਨੁਸਾਰ ਸੰਬੰਧਤ ਪਾਠ-ਕ੍ਰਮ ਵਿੱਚੋਂ ਲਏ ਜਾਣਗੇ। ਸਾਰੇ ਪ੍ਰਸ਼ਨ ਬਹੁ-ਵਿਕਲਪੀ (MULTIPLE CHOICE) ਹੋਣਗੇ। ਇਸ ਪੜ੍ਹਾਅ ਵਿੱਚ ਜਿਸ ਵੀ ਜ਼ਿਲ੍ਹੇ ਦੇ 10ਵੇਂ ਪ੍ਰੀਖਿਆਰਥੀ ਦੇ ਜੋ ਘੱਟੋ-ਘੱਟ ਅੰਕ ਪ੍ਰਾਪਤ ਹੋਣਗੇ,ਉਸੇ ਅਨੁਸਾਰ ਬਾਕੀ ਜਿਲ੍ਹਿਆਂ ਦੇ ਸਾਰੇ ਪ੍ਰੀਖਿਆਰਥੀਆਂ ਨੂੰ ਤੀਜੇ ਪੜਾਅ ਲਈ ਯੋਗ ਮੰਨਿਆ ਜਾਵੇਗਾ ਅਤੇ ਹਰੇਕ ਵਰਗ ਦੇ ਪ੍ਰੀਖਿਆਰਥੀਆਂ ਦੀ ਲਿਖਤੀ ਪ੍ਰੀਖਿਆ ਲਈ ਜਾਵੇਗੀ।

ੲ) **ਤੀਜਾ ਪੜ੍ਹਾਅ**: ਤੀਜੇ ਪੜ੍ਹਾਅ ਵਿੱਚ ਲਿਖਤੀ ਪ੍ਰੀਖਿਆ ਮਿਤੀ **23-12-2025 ਨੂੰ ਦੁਪਿਹਰ 12:00 ਤੋਂ 1:30 ਵਜੇ ਤੱਕ (ਸਮਾਂ 90 ਮਿੰਟ) ਹੋਵੇਗੀ।** ਇਸ ਲਿਖਤੀ ਪ੍ਰੀਖਿਆ ਵਿੱਚ ਪ੍ਰਤੀ ਵਰਗ ਸਭ ਤੋਂ ਸੁੰਦਰ

ਲਿਖਾਈ ਸਬੰਧੀ ਇਨਾਮ ਵੀ ਵੱਖਰੇ ਤੌਰ ਤੇ ਸ਼ਾਮਿਲ ਕੀਤਾ ਗਿਆ ਹੈ I ਇਸ ਵਿੱਚ ਪਹਿਲੀ ਪੁਜੀਸ਼ਨ ਲਈ 5100/- ਰੁਪਏ ਦੂਜੀ ਪੁਜੀਸ਼ਨ ਲਈ 3100/- ਅਤੇ ਤੀਜੀ ਪੁਜੀਸ਼ਨ ਲਈ 2100/- ਰੁਪਏ ਦੀ ਇਨਾਮ ਰਾਸ਼ੀ ਰੱਖੀ ਗਈ ਹੈ।

ਸ) ਲਿਖਤੀ ਪ੍ਰੀਖਿਆ ਮਿਤੀ **23-12-2025 ਨੂੰ ਦੁਪਿਹਰ 12:00 ਤੋਂ 1:30 ਵਜੇ ਤੱਕ (ਸਮਾਂ 90 ਮਿੰਟ) ਕੇਵਲ ਪੰਜਾਬ ਨਾਲ ਸਬੰਧਤ ਪ੍ਰੀਖਿਆਰਥੀਆਂ ਤੋਂ ਬਾਅਦ ਵਿੱਚ** ਨਿਰਧਾਰਿਤ ਕੀਤੇ ਗਏ ਪ੍ਰੀਖਿਆ ਕੇਂਦਰਾਂ ਤੇ ਲਈ ਜਾਵੇਗੀ।

(ਲਿਖਤੀ ਪ੍ਰੀਖਿਆ ਲਈ ਯੋਗ ਹੋਏ ਪ੍ਰੀਖਿਆਰਥੀਆਂ ਨੂੰ ਪੰਜਾਬ ਵਿੱਚ ਪੰਜ ਜ਼ੋਨਾਂ ਦੇ ਪ੍ਰੀਖਿਆ ਕੇਂਦਰਾਂ ਵਿੱਚ ਲਿਖਤੀ ਪ੍ਰੀਖਿਆ ਲਈ ਬੁਲਾਇਆ ਜਾਵੇਗਾ। ਇਸ ਪ੍ਰੀਖਿਆ ਲਈ ਪ੍ਰੀਖਿਆ ਕੇਂਦਰ ਦੇ ਸਥਾਨ ਅਤੇ ਪਤੇ ਬਾਰੇ ਵਿਦਿਆਰਥੀਆਂ ਨੂੰ ਬਾਅਦ ਵਿੱਚ ਸੂਚਿਤ ਕਰ ਦਿੱਤਾ ਜਾਵੇਗਾ।

8. ਪੰਜਾਬ ਰਾਜ ਨਾਲ ਸਬੰਧਤ ਹਰ ਵਰਗ ਦੇ ਪਹਿਲਾ ਸਥਾਨ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ 11000/-ਰੁਪਏ(ਪ੍ਰਤੀ ਵਰਗ ਇੱਕ ਵਿਦਿਆਰਥੀ), ਦੂਜੇ ਸਥਾਨ ਵਾਲਿਆਂ ਨੂੰ 7100/-(ਪ੍ਰਤੀ ਵਰਗ ਇੱਕ ਵਿਦਿਆਰਥੀ), ਤੀਜੇ ਸਥਾਨ ਵਾਲਿਆਂ ਨੂੰ 5100/-(ਪ੍ਰਤੀ ਵਰਗ 08 ਵਿਦਿਆਰਥੀ) ਇਨਾਮ ਵਜੋਂ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।
9. ਅੰਤਰਰਾਸ਼ਟਰੀ ਪੰਜਾਬੀ ਬੋਲੀ ਉਲੰਪਿਆਡ 2025 ਦੀ ਪ੍ਰਤੀਯੋਗਤਾ ਨੂੰ ਵੱਧ ਤੋਂ ਵੱਧ ਪ੍ਰਚੱਲਿਤ ਅਤੇ ਪ੍ਰਫੁਲਿਤ ਕਰਨ ਅਤੇ ਹੌਸਲਾ ਅਫਜਾਈ ਲਈ ਸੰਸਥਾਵਾਂ ਨੂੰ ਹੇਠ ਲਿਖੇ ਅਨੁਸਾਰ ਇਨਾਮੀ ਰਾਸ਼ੀ ਨਾਲ ਸਨਮਾਨਿਤ ਕੀਤਾ ਜਾਵੇਗਾ।

**(i) ਪੰਜਾਬ ਰਾਜ ਵਿਚਲੇ ਸਭ ਤੋਂ ਵੱਧ ਰਜਿਸਟਰੇਸ਼ਨ ਕਰਾਉਣ ਵਾਲੇ ਸਰਕਾਰੀ ਸਕੂਲ ਨੂੰ 11000/- ਰੁਪਏ**

**(ii) ਪੰਜਾਬ ਸਕੂਲ ਸਿੱਖਿਆ ਬੋਰਡ ਨਾਲ ਐਫੀਲੀਏਟਿਡ/ਐਸੋਸੀਏਟਿਡ ਸਭ ਤੋਂ ਵੱਧ ਰਜਿਸਟਰੇਸ਼ਨ ਕਰਾਉਣ ਵਾਲੇ ਸਕੂਲ ਨੂੰ 11000/- ਰੁਪਏ**

**(iii) ਪੰਜਾਬ ਰਾਜ ਦੇ ਸੀ.ਬੀ.ਐਸ.ਈ ਬੋਰਡ ਨਾਲ ਐਫੀਲੀਏਟਿਡ/ਐਸੋਸੀਏਟਿਡ ਸਭ ਤੋਂ ਵੱਧ ਰਜਿਸਟਰੇਸ਼ਨ ਕਰਾਉਣ ਵਾਲੇ ਸਕੂਲ ਨੂੰ 11000/ ਰੁਪਏ**

**(iv) ਪੰਜਾਬ ਤੋਂ ਇਲਾਵਾ ਦੂਜੇ ਰਾਜਾਂ ਵਿੱਚੋਂ ਸਭ ਤੋਂ ਵੱਧ ਰਜਿਸਟਰੇਸ਼ਨ ਕਰਾਉਣ ਵਾਲੇ ਕੋਈ ਵੀ ਇੱਕ ਸਕੂਲ ਨੂੰ ਵੀ 11000/ ਰੁਪਏ**

(v) ਬੋਰਡ ਦੁਆਰਾ ਸੰਚਾਲਿਤ 11 ਆਦਰਸ਼ ਸਕੂਲਾਂ ਵਿੱਚੋਂ ਸਭ ਤੋਂ ਵੱਧ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਸਕੂਲ ਨੂੰ 11000/-ਰੁਪਏ ਦਾ ਇਨਾਮ ਦਿੱਤਾ ਜਾਵੇਗਾ। ਇਸ ਤੋਂ ਇਲਾਵਾ 11 ਆਦਰਸ਼ ਸਕੂਲਾਂ ਵਿੱਚੋਂ ਸਭ ਤੋਂ ਵੱਧ ਅੰਤਿਮ ਪੜਾਅ/ਫਾਈਨਲ ਰਾਊਂਡ (ਲਿਖਤੀ ਪ੍ਰੀਖਿਆ ਵਿੱਚ) ਵਿਦਿਆਰਥੀ ਭੇਜਣ ਵਾਲੇ ਸਕੂਲ ਨੂੰ ਵੀ 11000/- ਰੁਪਏ ਦਾ ਇਨਾਮ ਦਿੱਤਾ ਜਾਵੇਗਾ।

(vi) ਇਸਦੇ ਨਾਲ-ਨਾਲ ਪੰਜਾਬ ਦੇ **ਹਰ ਇੱਕ ਜਿਲ੍ਹੇ** ਵਿੱਚੋਂ ਸਭ ਤੋਂ ਜਿਆਦਾ ਰਜਿਸਟ੍ਰੇਸ਼ਨ ਕਰਵਾਉਣ ਵਾਲੇ ਪਹਿਲੇ 3 ਸਕੂਲਾਂ (ਸਰਕਾਰੀ ਸਕੂਲ ਅਤੇ ਪ੍ਰਾਈਵੇਟ ਸਕੂਲ ਕੈਟਾਗਰੀ ਵੱਖੋ ਵੱਖਰੇ) ਨੂੰ ਕ੍ਰਮਵਾਰ 3100/- ਰੁਪਏ , 2100/- ਅਤੇ 1100/- ਰੁਪਏ ਦੇ ਇਨਾਮ ਦਿੱਤੇ ਜਾਣਗੇ। ਪ੍ਰੰਤੂ

ਜੇਕਰ ਇਹ ਸਕੂਲ ਸਟੇਟ ਵਿੱਚੋਂ ਐਲਾਨੇ ਗਏ 11000/- ਰੁਪਏ ਦੇ ਇਨਾਮ ਨੂੰ ਜਿੱਤ ਦਾ ਹੈ ਤਾਂ ਉਸ ਸਕੂਲ ਨੂੰ ਸਟੇਟ ਪੱਧਰ ਦਾ ਇਨਾਮ ਹੀ ਦਿੱਤਾ ਜਾਵੇਗਾ।

10. ਪਹਿਲੀਆਂ ਪੁਜ਼ੀਸ਼ਨਾਂ ਵਿੱਚੋਂ ਜਿਹੜੇ ਸਕੂਲ ਦੇ ਵਿਦਿਆਰਥੀ ਸਭ ਤੋਂ ਵੱਧ ਪੁਜ਼ੀਸ਼ਨਾ ਹਾਸਲ ਕਰਨਗੇ(ਪਰ ਘੱਟ ਤੋਂ ਘੱਟ 5 ਪੁਜ਼ੀਸ਼ਨਾਂ ਜ਼ਰੂਰੀ ਹਨ) ਉਸ ਸਕੂਲ ਨੂੰ ਵੱਖਰੇ ਤੌਰ ਤੇ 11000/- ਰੁਪਏ ਦੀ ਨਗਦ ਰਾਸ਼ੀ ਦੇ ਕੇ ਸਨਮਾਨਿਤ ਕੀਤਾ ਜਾਵੇਗਾ।
11. ਜੇਕਰ ਗਲਤ ਵਰਗ ਵਿੱਚ ਰਜਿਸਟਰੇਸ਼ਨ ਕਰਵਾਈ ਜਾਂਦੀ ਹੈ ਤਾਂ ਬੋਰਡ ਕੋਲ ਰਜਿਸਟਰੇਸ਼ਨ ਰੱਦ ਕਰਨ ਦਾ ਅਧਿਕਾਰ ਰਾਖਵਾਂ ਹੋਵੇਗਾ।
12. ਰਜਿਸਟਰੇਸ਼ਨ ਫੀਸ ਨਾ ਮੋੜਨਯੋਗ ਹੋਵੇਗੀ।
13. ਪੰਜਾਬ ਰਾਜ ਅਤੇ ਪੰਜਾਬ ਰਾਜ ਤੋਂ ਬਾਹਰਲੇ ਰਾਜਾਂ ਦੇ ਵਿਦਿਆਰਥੀਆਂ ਲਈ ਆਧਾਰ ਕਾਰਡ/ਸਕੂਲ ਦਾ ਸ਼ਨਾਖਤੀ ਕਾਰਡ ਲਗਾਇਆ ਜਾਵੇ ਅਤੇ ਵਿਦੇਸ਼ੀ ਵਿਦਿਆਰਥੀ ਦੀ ਸ਼ਨਾਖਤ/ਸਬੂਤ ਵਜੋਂ ਕੋਈ ਵੀ ਸ਼ਨਾਖਤੀ ਕਾਰਡ ਲਗਾਇਆ ਜਾ ਸਕਦਾ ਹੈ।
14. ਇਸ ਪ੍ਰੀਖਿਆ ਵਿੱਚੋਂ ਕੇਵਲ 50% ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਪ੍ਰੀਖਿਆਥੀਆਂ ਨੂੰ ਸ਼ਮੂਲੀਅਤ ਅਤੇ ਪੁਜ਼ੀਸ਼ਨਾ ਅਨੁਸਾਰ (ਇਨਾਮੀ ਰਾਸ਼ੀ ਸਮੇਤ) ਸਰਟੀਫਿਕੇਟ ਦੀ ਹਾਰਡ ਕਾਪੀ ਜਾਰੀ ਕੀਤੀ ਜਾਵੇਗੀ।

**(ਉਪਰੋਕਤ ਹਦਾਇਤਾਂ ਵਿੱਚ ਸਮੇਂ-ਸਮੇਂ ਤੇ ਸੁਧਾਰ ਕੀਤਾ ਜਾ ਸਕੇਗਾ, ਇਸ ਲਈ ਤਾਜ਼ਾ ਜਾਣਕਾਰੀ ਹਿੱਤ ਦੇਖਦੇ ਰਹਿਣਾ ਯਕੀਨੀ ਬਣਾਇਆ ਜਾਵੇ।)**